Mob: +919682536974, E-Mail: ansarullah@qadian.in ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਸਿਰਿੱਯਾ ਕੁਰਜ਼ ਬਿਨ ਜਾਬਿਰ ਅਤੇ ਗ਼ਜ਼ਵਾ ਜ਼ੀ-ਕ਼ਰਦ ਦੇ ਸੰਦਰਭ ਵਿੱਚ ਸੀਰਤਿ ਨਬਵੀ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਬਿਆਨ

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 24 ਜਨਵਰੀ 2025 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشۡهَدُ أَنۡ لَّآ إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ ۞ أَمَّا بَعۡدُ فَأَعُوۡذُ بِاللّٰهِ مِنَ الشَّيۡطٰنِ الرَّجِيۡمِ ۞ بِسۡمِ اللّٰهِ الرَّحۡمٰنِ الرَّحِيۡمِ ۞ اَلۡحَمۡدُ لِلّٰهِ رَبِّ الۡعٰلَمِيۡنَ ۞ اَلرَّحۡمٰنِ الرَّحِيۡمِ ۞ مٰلِكِ يَوۡمِ الدِّيۡنِ ۞ إِيَّاكَ نَعۡبُدُ وَإِيَّاكَ نَسۡتَعِيۡنُ ۞ اِهۡدِنَا الصِّرَاطَ الۡمُسۡتَقِيۡمَ ۞ صِرَاطَ الَّذِيۡنَ أَنۡعَمۡتَ عَلَيۡهِمۡ ۙ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ ۞

ਤਸ਼ੱਹੁਦ, ਤਅੱਵੁਜ਼ ਅਤੇ ਸੂਰਤ ਫ਼ਾਤਿਹਾ ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਜ਼ਮਾਨੇ ਦੇ ਸਿਰਿੱਯਾਵਾਂ ਦਾ ਜ਼ਿਕਰ ਹੋ ਰਿਹਾ ਸੀ। ਅੱਜ ਇਸ ਸਿਲਸਿਲੇ ਵਿੱਚ ਪਹਿਲਾਂ ਸਿਰਿੱਯਾ ਕੁਰਜ਼ ਬਿਨ ਜਾਬਿਰ ਦਾ ਜ਼ਿਕਰ ਕਰਾਂਗਾ।

ਇਹ ਸਿਰਿੱਯਾ 06 ਹਿਜਰੀ ਵਿੱਚ ਅਰਾਨਿੱਯੀਨ ਦੇ ਵੱਲ ਹੋਇਆ। ਕੁੱਝ ਦੇ ਨਜ਼ਦੀਕ ਇਹ ਸਿਰਿੱਯਾ ਸਈਦ ਬਿਨ ਜ਼ੈਦ ਸੀ ਪਰ ਅਕਸਰ ਦਾ ਕਹਿਣਾ ਹੈ ਕਿ ਇਹ ਸਿਰਿੱਯਾ ਕੁਰਜ਼ ਬਿਨ ਜਾਬਿਰ ਦਾ ਸੀ ਜਦਕਿ ਇੱਕ ਕਥਨ ਇਹ ਵੀ ਹੈ ਕਿ ਇਹ ਸਿਰਿੱਯਾ ਜਰੀਰ ਬਿਨ ਅਬਦੁੱਲਾਹ ਦਾ ਹੈ। ਪਰ ਇਸ ਕਥਨ ਦਾ ਰੱਦ ਵੀ ਕੀਤਾ ਗਿਆ ਹੈ।

ਇਸ ਸਿਰਿੱਯਾ ਦੀ ਤਫ਼ਸੀਲ ਇੰਝ ਹੈ ਕਿ ਉਕਲ ਅਤੇ ਉਰੈਨਾ ਕ਼ਬੀਲਿਆਂ ਦੇ ਲੱਗ ਭੱਗ ਅੱਠ (08) ਆਦਮੀ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਸੇਵਾ ਵਿੱਚ ਹਾਜ਼ਿਰ ਹੋਏ ਜਿਹੜੇ ਬਿਮਾਰ ਵੀ ਸਨ ਅਤੇ ਅਰਜ਼ ਕੀਤੀ ਕਿ ਸਾਨੂੰ ਪਨਾਹ ਦਿਓ ਅਤੇ ਸਾਨੂੰ ਖਾਣਾ ਖਵਾਓ। ਉਹ ਮਸਜਿਦਿ ਨਬਵੀ ਦੇ ਵਿੱਚ ਰਹੇ ਅਤੇ ਛੇਤੀ ਹੀ ਸਿਹਤਮੰਦ ਵੀ ਹੋ ਗਏ ਪਰ ਉਨ੍ਹਾਂ ਨੂੰ ਮਦੀਨੇ ਦੀ ਆਬੋ ਹਵਾ ਰਾਸ ਨਾ ਆਈ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਇਜਾਜ਼ਤ ਅਤੇ ਹੁਕਮ ਨਾਲ ਉਹ ਊਠਾਂ ਦੀ ਚਰਾਗਾਹਾਂ ਵਿੱਚ ਚਲੇ ਗਏ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਬੇ ਪਨਾਹ ਨਰਮੀ ਦੇ ਸਲੂਕ ਦੇ ਬਾਵਜੂਦ ਜਦ ਇਹ ਲੋਕ ਚਰਾਗਾਹਾਂ ਵਿੱਚ ਊਠਾਂ ਦੇ ਨੇੜੇ ਆਏ ਤਾਂ ਕਾਫ਼ਿਰ ਹੋ ਗਏ ਅਤੇ ਊਠਾਂ ਨੂੰ ਹੱਕ ਕੇ ਆਪਣੇ ਨਾਲ ਲੈ ਗਏ। ਭਾਵ ਉਨ੍ਹਾਂ ਨੇ ਸਿਹਤਮੰਦ ਹੋ ਕੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨਾਲ ਧੋਖਾ ਕੀਤਾ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਇੱਕ ਅਜ਼ਾਦ ਕੀਤੇ ਹੋਏ ਗ਼ੁਲਾਮ ਯਸਾਰ ਅਤੇ ਉਨ੍ਹਾਂ ਦੇ ਕੁੱਝ ਸਾਥੀਆਂ ਨੇ ਉਨ੍ਹਾਂ ਦਾ ਪਿੱਛਾ ਕੀਤਾ ਤਾਂ ਉਨ੍ਹਾਂ ਨੇ ਮੁਸਲਮਾਨਾਂ ਨਾਲ ਲੜਾਈ ਕੀਤੀ ਅਤੇ ਨਿਹਾਇਤ ਬੇ ਰਹਮੀ ਨਾਲ ਯਸਾਰ ਦੇ ਹੱਥ ਪੈਰ ਵੱਢ ਕੇ, ਉਨ੍ਹਾਂ ਦੀਆਂ ਅੱਖਾਂ ਅਤੇ ਜ਼ੁਬਾਨ ਵਿੱਚ ਕੰਡੇ ਚੁਭਾਏ ਅਤੇ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ। ਫਿਰ ਇਹ ਚਰਵਾਹਿਆਂ ਵੱਲ ਆਏ ਅਤੇ ਉਨ੍ਹਾਂ ਨੂੰ ਵੀ ਕ਼ਤਲ ਕਰ ਦਿੱਤਾ। ਬਚ ਜਾਣ ਵਾਲਾ ਇੱਕ ਵਿਅਕਤੀ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਖ਼ਿਦਮਤ ਵਿੱਚ ਹਾਜ਼ਿਰ ਹੋਇਆ ਅਤੇ ਅਰਜ਼ ਕੀਤੀ ਕਿ ਉਨ੍ਹਾਂ ਨੇ ਮੇਰੇ ਸਾਥੀ ਨੂੰ ਕ਼ਤਲ ਕਰ ਦਿੱਤਾ ਅਤੇ ਊਠਾਂ ਨੂੰ ਲੈ ਕੇ ਚਲੇ ਗਏ। ਇਸ ਸੂਚਨਾ ਦੇ ਮਿਲਣ 'ਤੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਵੀਹ (20) ਆਦਮੀਆਂ ਦੀ ਇੱਕ ਪਾਰਟੀ ਰਵਾਨਾ ਕੀਤੀ, ਜਿਸ ਨੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਦੁਆ ਸਦਕੇ ਉਸੇ ਦਿਨ ਜਾਂ ਅਗਲੇ ਦਿਨ ਉਨ੍ਹਾਂ ਲੋਕਾਂ ਨੂੰ ਗਿਰਫ਼ਤਾਰ ਕਰ ਲਿਆ ਅਤੇ ਇਹ ਲੋਕ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਖ਼ਿਦਮਤ ਵਿੱਚ ਪੇਸ਼ ਕੀਤੇ ਗਏ।

ਵੱਖ ਵੱਖ ਰਿਵਾਇਤਾਂ ਦੇ ਮੁਤਾਬਿਕ਼ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਇਨ੍ਹਾਂ ਲੋਕਾਂ ਨਾਲ ਉਹੀ ਸਲੂਕ ਕੀਤਾ ਜਿਹੜਾ ਉਨ੍ਹਾਂ ਨੇ ਮੁਸਲਮਾਨ ਚਰਵਾਹਿਆਂ ਨਾਲ ਕੀਤਾ ਸੀ। ਪਰ ਉਸ ਵੇਲੇ ਤੱਕ ਮੁਸਲੇ (ਮੁਸਲਾ - ਅਰਬ

ਦੇ ਰਿਵਾਜ ਦੇ ਮੁਤਾਬਿਕ਼ ਜੰਗ ਦੇ ਵੇਲੇ ਇੱਕ ਧਿਰ ਦੂਸਰੀ ਧਿਰ ਦੇ ਮੁਰਦਾ ਲੋਕਾਂ ਦੇ ਅੱਖਾਂ ਨੱਕ ਕੰਨ ਵੱਢ ਦਿਆ ਕਰਦੇ ਸਨ ਤਾਂ ਜੋ ਉਨ੍ਹਾਂ ਦੀ ਜ਼ਿੱਲਤ ਹੋਵੇ) ਦੀ ਮਨਾਹੀ ਦੀ ਇਸਲਾਮੀ ਤਾਲੀਮ ਨਾਜ਼ਿਲ ਨਹੀਂ ਹੋਈ ਸੀ, ਬਾਅਦ ਵਿੱਚ ਜਦ ਇਹ ਮਨਾਹੀ ਨਾਜ਼ਿਲ ਹੋਈ ਤਾਂ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਜਿਸ ਵੀ ਸੇਨਾ ਨੂੰ ਰਵਾਨਾ ਕਰਿਆ ਕਰਦੇ, ਉਸਨੂੰ ਮੁਸਲੇ ਤੋਂ ਮਨ੍ਹਾ ਕਰਦੇ ਅਤੇ ਸਦਕ਼ੇ ਦੀ ਤਾਲੀਮ ਦਿੰਦੇ। ਹਜ਼ਰਤ ਸਾਹਿਬਜ਼ਾਦਾ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ਿ ਅੱਲਾਹੁ ਅਨਹੁ ਫ਼ਰਮਾਉਂਦੇ ਹਨ ਕਿ ਮੁਸਲਮਾਨਾਂ ਦੇ ਲਈ ਇਹ ਦਿਨ ਬਹੁਤ ਖ਼ਤਰਨਾਕ ਸਨ ਕਿਉਂਕਿ ਕ਼ੁਰੈਸ਼ ਅਤੇ ਯਹੂਦੀਆਂ ਦੀ ਚੁੱਕਣਾ ਨਾਲ ਸਾਰਾ ਮੁਲਕ ਉਨ੍ਹਾਂ ਦੀ ਦੁਸ਼ਮਣੀ ਨਾਲ ਭਖ ਰਿਹਾ ਸੀ ਅਤੇ ਆਪਣੀ ਨਵੀਂ ਪਾਲਿਸੀ ਦੇ ਤਹਿਤ ਉਨ੍ਹਾਂ ਨੇ ਇਹ ਵੀ ਫ਼ੈਸਲਾ ਕੀਤਾ ਸੀ ਕਿ ਮਦੀਨੇ 'ਤੇ ਬਕ਼ਾਇਦਾ ਹਮਲੇ ਦੀ ਬਜਾਏ ਮੁਸਲਮਾਨਾਂ ਨੂੰ ਧੋਖੇ ਨਾਲ ਨੁਕ਼ਸਾਨ ਪਹੁੰਚਾਇਆ ਜਾਵੇ।

ਇਨ੍ਹਾਂ ਜ਼ਾਲਿਮਾਂ ਨੂੰ ਸਜ਼ਾ ਦਿੱਤੇ ਜਾਣ ਦੇ ਬਾਰੇ ਹਜ਼ਰਤ ਸਾਹਿਬਜ਼ਾਦਾ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ਿ ਅੱਲਾਹੁ ਅਨਹੁ ਫ਼ਰਮਾਉਂਦੇ ਹਨ ਕਿ ਇਸ ਮਾਮਲੇ ਵਿੱਚ ਜ਼ੁਲਮ ਦੀ ਸ਼ੁਰੂਆਤ ਕਾਫ਼ਿਰਾਂ ਵੱਲੋਂ ਸੀ। ਫਿਰ ਇਹ ਫ਼ੈਸਲਾ ਵੀ ਹਜ਼ਰਤ ਮੂਸਾ ਦੀ ਸ਼ਰੀਅਤ ਦੇ ਮੁਤਾਬਿਕ਼ ਕੀਤਾ ਗਿਆ ਸੀ, ਪਰ ਫਿਰ ਵੀ ਇਸਲਾਮ ਨੇ ਇਸਨੂੰ ਬਰਕ਼ਰਾਰ ਨਹੀਂ ਰੱਖਿਆ ਅਤੇ ਅਗਾਂਹ ਲਈ ਇਸ ਤਰੀਕ਼ੇ ਤੋਂ ਮਨ੍ਹਾ ਕਰ ਦਿੱਤਾ।

ਆਪ ਰਜ਼ਿ ਅੱਲਾਹੁ ਅਨਹੁ ਫ਼ਰਮਾਉਂਦੇ ਹਨ ਕਿ ਕੁੱਝ ਪੱਛਮੀ ਸ਼ੋਧਕਰਤਾਵਾਂ ਨੇ ਜਿਨ੍ਹਾਂ ਵਿੱਚ ਮਿਓਰ ਸਾਹਿਬ ਵੀ ਸ਼ਾਮਿਲ ਹਨ ਇਸ ਵਾਕ਼ੇ ਦਾ ਜ਼ਿਕਰ ਕਰਦੇ ਹੋਏ ਆਪਣੀ ਆਦਤ ਦੇ ਮੁਤਾਬਿਕ਼ ਐਤਰਾਜ਼ ਕੀਤਾ ਹੈ, ਫ਼ਰਮਾਇਆ ਇਸ ਮਾਮਲੇ ਵਿੱਚ ਇਸਲਾਮ ਦਾ ਦਾਮਨ ਬਿਲਕੁਲ ਪਾਕ ਨਜ਼ਰ ਆਉਂਦਾ ਹੈ ਕਿਉਂਕਿ ਦਰਅਸਲ ਇਹ ਫ਼ੈਸਲਾ ਇਸਲਾਮ ਦਾ ਨਹੀਂ ਸੀ ਬਲਕਿ ਹਜ਼ਰਤ ਮੂਸਾ ਦਾ ਸੀ ਜਿਨ੍ਹਾਂ ਦੀ ਸ਼ਰੀਅਤ ਨੂੰ ਹਜ਼ਰਤ ਮਸੀਹ ਨਾਸਰੀ ਨੇ ਰੱਦ ਨਹੀਂ ਕੀਤਾ ਬਲਕਿ ਬਰਕ਼ਰਾਰ ਰੱਖਿਆ ਹੈ। ਹਾਂ ਜੇਕਰ ਸਾਡੇ 'ਤੇ ਐਤਰਾਜ਼ ਕਰਨ ਵਾਲੇ ਦੀ ਨਿਗਾਹ ਵਿੱਚ ਹਜ਼ਰਤ ਮਸੀਹ ਦਾ ਇਹ ਕਥਨ ਕਿ ਇੱਕ ਗੱਲ੍ਹ 'ਤੇ ਚਪੇੜ ਖਾ ਕੇ ਦੂਸਰੀ ਗੱਲ੍ਹ ਵੀ ਅੱਗੇ ਕਰ ਦਿਓ.... ਸਵਾਲ ਇਹ ਹੈ ਕਿ ਕੀ ਇਹ ਤਾਲੀਮ ਕਿਸੇ ਅਕ਼ਲਮੰਦ ਦੇ ਨਜ਼ਦੀਕ ਅਮਲ ਕਰਨ ਦੇ ਕ਼ਾਬਿਲ ਹੈ ਅਤੇ ਕੀ ਅੱਜ ਤੱਕ ਕਿਸੇ ਮਸੀਹੀ ਮਰਦ ਜਾਂ ਔਰਤ ਜਾਂ ਕਿਸੇ ਮਸੀਹੀ ਜਮਾਅਤ ਜਾਂ ਹਕੂਮਤ ਨੇ ਇਸ ਤਾਲੀਮ 'ਤੇ ਅਮਲ ਕੀਤਾ ਹੈ? ਸਟੇਜਾਂ 'ਤੇ ਚੜ੍ਹ ਕੇ ਨਸੀਹਤ ਕਰਨ ਲਈ ਬੇਸ਼ੱਕ ਇਹ ਇੱਕ ਚੰਗੀ ਤਾਲੀਮ ਹੈ ਪਰ ਅਮਲੀ ਦੁਨੀਆ ਵਿੱਚ ਇਸ ਤਾਲੀਮ ਨੂੰ ਕੋਈ ਵਜ਼ਨ ਹਾਸਿਲ ਨਹੀਂ। ਫ਼ਰਮਾਇਆ ਇਸਲਾਮ ਕਿਸੇ ਇੱਕ ਪਾਸੇ ਝੁਕਣ ਦੇ ਰਸਤੇ ਨੂੰ ਛੱਡ ਕੇ ਦਰਮਿਆਨੀ ਤਾਲੀਮ ਦਿੰਦਾ ਹੈ ਜਿਹੜੀ ਦੁਨੀਆ ਵਿੱਚ ਅਸਲ ਅਮਨ ਦੀ ਬੁਨਿਆਦ ਹੈ। ਯਾਨੀ ਹਰ ਬੁਰਾਈ ਦੀ ਸਜ਼ਾ ਉਸਦੇ ਹਾਲਾਤਾਂ ਦੇ ਮੁਤਾਬਿਕ਼ ਅਤੇ ਉਸਦੀ ਸ਼ਿੱਦਤ ਦੇ ਮੁਤਾਬਿਕ਼ ਹੋਣੀ ਚਾਹੀਦੀ ਹੈ ਪਰ ਜੇਕਰ ਹਲਾਤ ਅਜਿਹੇ ਹੋਣ ਕਿ ਮੁਆਫ਼ ਕਰਨ ਜਾਂ ਨਰਮੀ ਕਰਨ ਨਾਲ ਸੁਧਾਰ ਦੀ ਉਮੀਦ ਹੋਵੇ ਤਾਂ ਫਿਰ ਮੁਆਫ਼ ਕਰਨਾ ਜਾਂ ਨਰਮੀ ਕਰਨਾ ਬੇਹਤਰ ਹੈ ਅਤੇ ਅਜਿਹਾ ਵਿਅਕਤੀ ਖ਼ੁਦਾ ਦੇ ਨਜ਼ਦੀਕ ਨੇਕ ਬਦਲੇ ਦਾ ਹੱਕ਼ਦਾਰ ਹੋਵੇਗਾ। ਇਸਲਾਮ ਨੇ ਇਹ ਕ਼ੈਦ ਲਾ ਦਿੱਤੀ ਹੈ ਕਿ ਉਹ ਮੁਨਾਸਿਬ ਹੱਦ ਤੋਂ ਅੱਗੇ ਨਾ ਵਧੇ ਅਤੇ ਮੁਸਲੇ ਆਦਿ ਦੇ ਵਹਸ਼ਿਆਨਾ ਕੰਮਾਂ ਨੂੰ ਇੱਕ ਦਮ ਬੰਦ ਕਰ ਦਿੱਤਾ। ਇਸਦੇ ਮੁਕ਼ਾਬਲੇ ਮਸੀਹੀ ਲੋਕ ਬਾਵਜੂਦ ਹਜ਼ਰਤ ਮਸੀਹ ਦੀ ਇਸ ਨੁਮਾਇਸ਼ੀ ਤਾਲੀਮ ਦੇ, ਜਿਹੜਾ ਅਮਲੀ ਨਮੂਨਾ ਦੁਸ਼ਮਣਾਂ ਦੇ ਨਾਲ ਸਲੂਕ ਦਾ ਦਿਖਾ ਰਹੇ ਹਨ ਅਤੇ ਜੰਗਾਂ ਵਿੱਚ ਜਿਹੜੇ ਕੰਮ ਕਰ ਰਹੇ ਹਨ ਉਹ ਦੁਨੀਆ ਦੇ ਇਤਿਹਾਸ ਦਾ ਇੱਕ ਖੁੱਲ੍ਹਾ ਪੰਨਾ ਹੈ ਜਿਸਨੂੰ ਬਿਆਨ ਕਰਨ ਦੀ ਇਸ ਥਾਂ ਲੋੜ ਨਹੀਂ। ਕੀ ਕੁੱਝ ਨਹੀਂ ਇਹ ਕਰਦੇ।

ਹੁਣ ਇੱਕ ਗ਼ਜ਼ਵੇ ਦਾ ਜ਼ਿਕਰ ਕਰਾਂਗਾ। ਜਿਹੜਾ ਗ਼ਜ਼ਵਾਂ ਜ਼ੀ-ਕ਼ਰਦ ਕਹਾਉਂਦਾ ਹੈ। ਇਸਦੇ ਬਾਰੇ ਸੀਰਤ ਲਿਖਣ ਵਾਲਿਆਂ ਅਤੇ ਹਦੀਸ ਲਿਖਣ ਵਾਲਿਆਂ ਵਿੱਚ ਅਸਹਿਮਤੀ ਹੈ ਕਿ ਇਹ ਕਦੋਂ ਹੋਇਆ। ਹਦੀਸ ਲਿਖਣ ਵਾਲੇ ਇਸਨੂੰ ਸੁਲਹ ਹੁਦੈਬੀਆ ਦੇ ਬਾਅਦ ਅਤੇ ਗ਼ਜ਼ਵਾ ਖ਼ੈਬਰ ਤੋਂ ਪਹਿਲਾਂ ਕ਼ਰਾਰ ਦਿੰਦੇ ਹਨ ਜਦਕਿ ਸੀਰਤ ਲਿਖਣ ਵਾਲੇ ਇਸਨੂੰ ਗ਼ਜ਼ਵਾ ਲੈਹਾਨ ਦੇ ਬਾਅਦ ਦੱਸਦੇ ਹਨ। ਇਮਾਮ ਬੁਖ਼ਾਰੀ ਅਤੇ ਇਮਾਮ ਮੁਸਲਿਮ ਇਸਨੂੰ ਗ਼ਜ਼ਵਾ ਖ਼ੈਬਰ ਤੋਂ ਤਿੰਨ ਦਿਨ ਪਹਿਲਾਂ ਬਿਆਨ ਕਰਦੇ ਹਨ। ਹਜ਼ਰਤ ਸਾਹਿਬਜ਼ਾਦਾ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ਿ ਅੱਲਾਹੁ ਅਨਹੁ ਨੇ ਇਸ ਗ਼ਜ਼ਵੇ ਨੂੰ 07 ਹਿਜਰੀ ਦਾ ਗ਼ਜ਼ਵਾ ਬਿਆਨ ਕੀਤਾ ਹੈ।

ਇਸ ਗ਼ਜ਼ਵੇ ਦੀ ਤਫ਼ਸੀਲ ਇੰਝ ਹੈ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀਆਂ ਵੀਹ (20) ਦੁੱਧ ਦੇਣ ਵਾਲੀਆਂ ਊਠਣੀਆਂ ਸਨ ਅਤੇ ਕੁੱਝ ਦੂਸਰੇ ਊਠ ਵੀ ਸ਼ਾਮਿਲ ਸਨ। ਇਹ ਊਠਣੀਆਂ ਚਰਾਗਾਹ ਵਿੱਚ ਚਰਦੀਆਂ ਸਨ ਅਤੇ ਇੱਕ ਚਰਵਾਹਾ ਰੋਜ਼ ਮਗ਼ਰਿਬ ਦੇ ਵੇਲੇ ਉਨ੍ਹਾਂ ਦਾ ਦੁੱਧ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਖ਼ਿਦਮਤ ਵਿੱਚ ਲਿਆਇਆ ਕਰਦਾ ਸੀ। ਇੱਕ ਦਿਨ ਉਯੈਇਨਾ ਫ਼ਜ਼ਾਰੀ ਨੇ ਬਨੂ ਗ਼ਤਫ਼ਾਨ ਦੇ ਚਾਲ਼ੀ (40) ਘੋੜ ਸਵਾਰਾਂ ਨਾਲ਼ ਉਨ੍ਹਾਂ 'ਤੇ ਹਮਲਾ ਕਰ ਦਿੱਤਾ ਅਤੇ ਇਹ ਲੋਕ ਊਠਣੀਆਂ ਲੈ ਗਏ। ਹਮਲੇ ਦੇ ਦੌਰਾਨ ਉਨ੍ਹਾਂ ਲੋਕਾਂ ਨੇ ਹਜ਼ਰਤ ਅਬੂ ਜ਼ਰ ਰਜ਼ਿ ਅੱਲਾਹੁ ਅਨਹੁ ਦੇ ਬੇਟੇ ਨੂੰ ਕ਼ਤਲ ਕਰ ਦਿੱਤਾ ਜਿਹੜਾ ਉਨ੍ਹਾਂ ਊਠਣੀਆਂ ਦਾ ਚਰਵਾਹਾ ਸੀ ਅਤੇ ਹਜ਼ਰਤ ਅਬੂ ਜ਼ਰ ਰਜ਼ਿ ਅੱਲਾਹੁ ਅਨਹੁ ਦੀ ਬੀਵੀ ਲੈਲਾ ਨੂੰ ਕ਼ੈਦ ਕਰਕੇ ਲੈ ਗਏ। ਉਯੈਇਨਾ ਗ਼ਜ਼ਵਾ ਅਹਜ਼ਾਬ ਦੇ ਮੌਕ਼ੇ 'ਤੇ ਕ਼ਬੀਲਾ ਬਨੂ ਫ਼ਜ਼ਾਰਾ ਦਾ ਸਰਦਾਰ ਸੀ, ਉਯੈਇਨਾ ਨੇ ਫ਼ਤਹਿ ਮੱਕਾ ਦੇ ਬਾਅਦ ਜਾਂ ਇੱਕ ਰਿਵਾਇਤ ਦੇ ਮੁਤਾਬਿਕ਼ ਫ਼ਤਹਿ ਮੱਕਾ ਤੋਂ ਪਹਿਲਾਂ ਇਸਲਾਮ ਕ਼ਬੂਲ ਕੀਤਾ, ਉਹ ਗ਼ਜ਼ਵਾ ਹੁਨੈਨ ਅਤੇ ਤਾਇਫ਼ ਵਿੱਚ ਵੀ ਸ਼ਾਮਿਲ ਸੀ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਸਨੂੰ ਬਨੂ ਤਮੀਮ ਦੀ ਸਰਕੂਬੀ ਕੇ ਲਈ ਪੰਜਾਹ (50) ਸਵਾਰਾਂ ਦੇ ਨਾਲ਼ ਭੇਜਿਆ ਸੀ, ਉਸ ਵਿੱਚ ਕੋਈ ਪ੍ਰਵਾਸੀ ਜਾਂ ਅੰਸਾਰੀ ਸਹਾਬੀ ਮੌਜੂਦ ਨਹੀਂ ਸੀ। ਹਜ਼ਰਤ ਅਬੂ ਬਕਰ ਸਿੱਦੀਕ਼ ਰਜ਼ਿ ਅੱਲਾਹੁ ਅਨਹੁ ਦੇ ਜ਼ਮਾਨੇ ਵਿੱਚ ਮੁਰਤਦ ਹੋ ਗਿਆ, ਅਤੇ ਤੁਲੈਹਾ ਦੇ ਦਾਅਵੇ ਦੇ ਬਾਅਦ ਉਸਦੇ ਨਾਲ਼ ਰਲ਼ ਗਿਆ, ਉਸਦੀ ਬੈਅਤ ਕਰ ਲਈ। ਜਦ ਇਹ ਕ਼ੈਦ ਹੋ ਕੇ ਹਜ਼ਰਤ ਅਬੂ ਬਕਰ ਸਿੱਦੀਕ਼ ਰਜ਼ਿ ਅੱਲਾਹੁ ਅਨਹੁ ਦੇ ਕੋਲ਼ ਆਇਆ ਤਾਂ ਆਪ ਰਜ਼ਿ ਅੱਲਾਹੁ ਅਨਹੁ ਨੇ ਉਸ 'ਤੇ ਇਹਸਾਨ ਕਰਦੇ ਹੋਏ ਮੁਆਫ਼ ਕਰ ਦਿੱਤਾ, ਇਸਦੇ ਬਾਅਦ ਇਸਨੇ ਦੁਬਾਰਾ ਇਸਲਾਮ ਕ਼ਬੂਲ ਕਰ ਲਿਆ।

ਇਸਦੀ ਤਫ਼ਸੀਲ ਵਿੱਚ ਲਿਖਿਆ ਹੈ ਕਿ ਉਯੈਇਨਾ ਦੇ ਹਮਲੇ ਤੋਂ ਪਹਿਲਾਂ ਹਜ਼ਰਤ ਅਬੂ ਜ਼ਰ ਰਜ਼ਿ ਅੱਲਾਹੁ ਅਨਹੁ ਨੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਕੋਲੋਂ ਊਠਣੀਆਂ ਦੀ ਚਰਾਗਾਹ ਵੱਲ ਜਾਣ ਦੀ ਇਜਾਜ਼ਤ ਮੰਗੀ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਮੈਨੂੰ ਤੇਰੇ ਬਾਰੇ ਖ਼ਤਰਾ ਹੈ ਕਿ ਦੁਸ਼ਮਣ ਤੇਰੇ 'ਤੇ ਉਸ ਪਾਸਿਓਂ ਹਮਲਾਵਰ ਨਾ ਹੋਵੇ ਕਿਉਂਕਿ ਅਸੀਂ ਉਯੈਇਨਾ ਅਤੇ ਉਸਦੇ ਸਾਥੀਆਂ ਤੋਂ ਅਮਨ ਵਿੱਚ ਨਹੀਂ ਹਾਂ ਅਤੇ ਇਹ ਜਗ੍ਹਾ ਵੀ ਉਨ੍ਹਾਂ ਦੇ ਵੱਲ ਹੀ ਹੈ। ਹਜ਼ਰਤ ਅਬੂ ਜ਼ਰ ਨੇ ਜ਼ੋਰ ਦਿੱਤਾ, ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਮੈਨੂੰ ਡਰ ਹੈ ਕਿ ਤੇਰਾ ਬੇਟਾ ਕ਼ਤਲ ਕਰ ਦਿੱਤਾ ਜਾਵੇਗਾ ਅਤੇ ਤੇਰੀ ਬੀਵੀ ਗਿਰਫ਼ਤਾਰ ਕਰ ਲਈ ਜਾਵੇਗੀ ਅਤੇ ਤੂੰ ਇੱਕ ਸੋਟੇ ਦਾ ਸਹਾਰਾ ਲੈ ਕੇ ਆਵੇਂਗਾ। ਹਜ਼ਰਤ ਅਬੂ ਜ਼ਰ ਕਹਿੰਦੇ ਹਨ ਕਿ ਮੇਰੇ 'ਤੇ ਹੈਰਾਨੀ ਹੈ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਮੈਨੂੰ ਫ਼ਰਮਾ ਰਹੇ ਸਨ ਕਿ ਮੈਨੂੰ ਤੇਰੇ ਬਾਰੇ ਡਰ ਹੈ ਅਤੇ ਮੈਂ ਫਿਰ ਵੀ ਜ਼ੋਰ ਦਿੰਦਾ ਚਲਾ ਗਿਆ। ਫਿਰ ਅੱਲਾਹ ਦੀ ਕ਼ਸਮ ਅਜਿਹਾ ਹੀ ਹੋਇਆ ਜਿਵੇਂ ਕਿ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਸੀ। ਮੈਂ ਘਰ ਵਿੱਚ ਸੀ ਅਤੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀਆਂ ਊਠਣੀਆਂ ਵਾੜੇ ਵਿੱਚ ਲਿਆਈਆਂ ਜਾ ਚੁੱਕੀਆਂ ਸਨ। ਉਨ੍ਹਾਂ ਨੂੰ ਪੱਠੇ ਅਤੇ ਪਾਣੀ ਪਾ ਦਿੱਤਾ ਗਿਆ ਸੀ। ਉਨ੍ਹਾਂ ਦੀਆਂ ਧਾਰਾਂ ਕੱਢੀਆਂ ਜਾ ਚੁੱਕੀਆਂ ਸਨ। ਫਿਰ ਅਸੀਂ ਸੌਂ ਗਏ ਤਾਂ ਉਯੈਇਨਾ ਨੇ ਚਾਲ਼ੀ (40) ਸਵਾਰਾਂ ਦੇ ਨਾਲ਼ ਹਮਲਾ ਕਰ ਦਿੱਤਾ। ਉਨ੍ਹਾਂ ਨੇ ਰੁਕ ਕੇ ਆਵਾਜ਼ ਦਿੱਤੀ, ਮੇਰਾ ਬੇਟਾ ਬਾਹਰ ਨਿਕਲਿਆ ਜਿਸਨੂੰ ਉਨ੍ਹਾਂ ਨੇ ਕ਼ਤਲ ਕਰ ਦਿੱਤਾ।

ਇਸ ਹਵਾਲੇ ਨਾਲ਼ ਹਜ਼ਰਤ ਸਲਮਾ ਬਿਨ ਅਕਵਅ ਦੇ ਦੁਸ਼ਮਣ ਦੇ ਪਿੱਛਾ ਕਰਨ ਦਾ ਜ਼ਕਰ ਵੀ ਮਿਲ਼ਦਾ ਹੈ। ਹਜ਼ਰਤ ਸਲਮਾ ਬਿਨ ਅਕਵਅ ਨੇ ਊਠਣੀਆਂ ਲੈ ਜਾਣ ਵਾਲਿਆਂ ਦਾ ਪਿੱਛਾ ਵੀ ਕੀਤਾ ਅਤੇ ਉਨ੍ਹਾਂ 'ਤੇ ਬੜਾ ਭਰਪੂਰ ਹਮਲਾ ਕੀਤਾ ਅਤੇ ਕਈ ਊਠਣੀਆਂ ਵਾਪਸ ਲੈਣ ਵਿੱਚ ਕਾਮਯਾਬ ਹੋ ਗਏ। ਜਦ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਇਸ ਸਾਰੇ ਮਾਮਲੇ ਦਾ ਪਤਾ ਲੱਗਾ ਤਾਂ ਮਦੀਨੇ ਵਿੱਚ ਐਲਾਨ ਕਰਵਾ ਦਿੱਤਾ, ਇਸ ਐਲਾਨ 'ਤੇ ਕਈ ਵਡੇਰੇ ਸਹਾਬਾ ਹਾਜ਼ਿਰ ਹੋ ਗਏ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਸਾਅਦ ਬਿਨ ਜ਼ੈਦ ਰਜ਼ਿ ਅੱਲਾਹੁ ਅਨਹੁ ਨੂੰ ਸਰਦਾਰ ਨਿਯੁਕਤ ਕੀਤਾ ਅਤੇ ਪਿੱਛਾ ਕਰਨ ਲਈ ਰਵਾਨਾ ਕੀਤਾ ਅਤੇ ਖ਼ੁਦ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਵੀ ਪੰਜ ਸੌ (500) ਜਾਂ ਸੱਤ ਸੌ (700) ਸਹਾਬਾ ਨਾਲ਼ ਰਵਾਨਾ ਹੋਏ।

ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਮਿਕ਼ਦਾਦ ਬਿਨ ਅਸਵਦ ਰਜ਼ਿ ਅੱਲਾਹੁ ਅਨਹੁ ਦੇ ਨੇਜ਼ੇ 'ਤੇ ਝੰਡਾ ਬੰਨ੍ਹਿਆ। ਇਸ ਮੁਹਿੰਮ ਵਿੱਚ ਇੱਕ ਵਾਕ਼ੇ ਦਾ ਜ਼ਿਕਰ ਇੰਝ ਮਿਲ਼ਦਾ ਹੈ ਕਿ ਇਬਨਿ ਇਸਹਾਕ਼ ਕਹਿੰਦੇ ਹਨ ਕਿ

ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਅਬੂ ਅੱਯਾਸ਼! ਕੀ ਤੂੰ ਆਪਣਾ ਘੋੜਾ ਕਿਸੇ ਅਜਿਹੇ ਵਿਅਕਤੀ ਨਹੀਂ ਦਿੰਦਾ ਜਿਹੜਾ ਤੇਰੇ ਤੋਂ ਬੇਹਤਰ ਸਵਾਰ ਹੈ ਤਾਂ ਜੋ ਦੁਸ਼ਮਣ ਨਾਲ਼ ਜਾ ਰਲ਼ੇ। ਹਜ਼ਰਤ ਅਬੂ ਅੱਯਾਸ਼ ਰਜ਼ਿ ਅੱਲਾਹੁ ਅਨਹੁ ਨੇ ਕਿਹਾ ਕਿ ਹੇ ਅੱਲਾਹ ਦੇ ਰਸੂਲ! ਮੈਂ ਸਭ ਤੋਂ ਚੰਗਾ ਸਵਾਰ ਹਾਂ। ਉਹ ਕਹਿੰਦੇ ਹਨ ਕਿ ਇਹ ਕਹਿ ਕੇ ਮੈਂ ਘੋੜੇ ਨੂੰ ਅੱਡੀ ਲਾਈ ਲੇਕਿਨ ਹਾਲੇ ਪੰਜਾਹ (50) ਗਜ਼ ਹੀ ਚੱਲਿਆ ਸੀ ਕਿ ਉਸਨੇ ਮੈਨੂੰ ਜ਼ਮੀਨ 'ਤੇ ਸੁੱਟ ਦਿੱਤਾ। ਮੈਨੂੰ ਹੈਰਾਨੀ ਹੋਈ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਫ਼ਰਮਾ ਰਹੇ ਸਨ ਕਿ ਘੋੜਾ ਆਪਣੇ ਤੋਂ ਬੇਹਤਰ ਸਵਾਰ ਨੂੰ ਦੇ ਦੇ ਅਤੇ ਮੈਂ ਕਹਿ ਰਿਹਾ ਸੀ ਕਿ ਮੈਂ ਸਭ ਤੋਂ ਬੇਹਤਰ ਘੁੜ ਸਵਾਰ ਹਾਂ। ਫਿਰ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਅਬੂ ਅੱਯਾਸ਼ ਰਜ਼ਿ ਅੱਲਾਹੁ ਅਨਹੁ ਦਾ ਇਹ ਘੋੜਾ ਹਜ਼ਰਤ ਮਆਜ਼ ਬਿਨ ਮਾਅਸ ਰਜ਼ਿ ਅੱਲਾਹੁ ਅਨਹੁ ਨੂੰ ਦੇ ਦਿੱਤਾ। ਇਸ ਗ਼ਜ਼ਵੇ ਵਿੱਚ ਸਹਾਬਾ ਨੇ ਬੜੀ ਬਹਾਦੁਰੀ ਅਤੇ ਸਿਰ ਧੜ ਦੀ ਬਾਜ਼ੀ ਲਾ ਕੇ ਲੜਾਈ ਕੀਤੀ ਅਤੇ ਕੁੱਝ ਸਹਾਬਾ ਨੇ ਬੜੀ ਬਹਾਦੁਰੀ ਦਾ ਮੁਜ਼ਾਹਿਰਾ ਕਰਦੇ ਹੋਏ ਸ਼ਹਾਦਤ ਨੂੰ ਗਲ਼ੇ ਲਾਇਆ।

ਆਖ਼ਿਰ 'ਤੇ ਹਜ਼ੂਰ ਅਨਵਰ ਨੇ ਫ਼ਰਮਾਇਆ ਇਹ ਤਫ਼ਸੀਲ ਅਗਾਂਹ ਵੀ ਜਾਰੀ ਰਹੇਗੀ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَ نَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَ رَسُوْلُهٗ ۞ عِبَادَ اللّٰهِ رَحِمَكُمُ اللّٰهِ إِنَّ اللّٰهَ يَأْمُرُ بِالْعَدْلِ وَالْإِحْسَانِ وَ إِيْتَآءِ ذِى الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞